## ਦਫ਼ਤਰ ਮੁੱਖ ਮੰਤਰੀ, ਪੰਜਾਬ
### (ਜਨਰਲ ਸ਼ਾਖਾ)

ਵਿਸ਼ਾ: ਮੁੱਖ ਮੰਤਰੀ ਜੀ ਨੂੰ ਪੰਜਾਬ ਰਾਜ ਦੇ ਵੱਖ-ਵੱਖ ਜ਼ਿਲਿਆਂ ਅਤੇ ਦੇਸ਼/ਵਿਦੇਸ਼ ਤੋਂ ਪ੍ਰਾਪਤ ਹੋਈ ਡਾਕ ਦੇ ਨਿਪਟਾਰੇ ਸਬੰਧੀ।

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਸ਼੍ਰੀ ਸੂਰਜ ਸਿੰਘ ਅਤੇ ਹੋਰ ਵੱਲੋਂ ਮੁੱਖ ਮੰਤਰੀ ਜੀ ਨੂੰ ਭੇਜਿਆ ਗਿਆ ਪੱਤਰ ਮਿਤੀ 30.03.19 ਮੂਲ ਰੂਪ ਵਿੱਚ ਆਪ ਨੂੰ ਤੁਰੰਤ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ। ਇਸ ਪੱਤਰ ਤੇ ਕੀਤੀ ਗਈ ਕਾਰਵਾਈ ਬਾਰੇ ਬਿਨੇਕਾਰ ਨੂੰ ਸਿੱਧੇ ਤੌਰ ਤੇ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ ਜਨਰਲ

ਸੇਵਾ ਵਿਖੇ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ।

ਅੰ:ਵਿ:ਪੱ:ਨੰ:7/53/2017/ਮੁ.ਮੰ.ਦ./ਜੀ.ਏ. 3 / ਮਿਤੀ, ਚੰਡੀਗੜ੍ਹ

ਪਿ:ਅੰ:ਨੰ: 7/53/2017/ਮੁ.ਮੰ.ਦ./ਜੀ.ਏ. 3 / ਈ 8213/1 ਮਿਤੀ, ਚੰਡੀਗੜ੍ਹ 10/4/

ਇੱਕ ਉਤਾਰਾ Sh. Suraj Singh S/o Sh. Parmjeet Singh, Resi. Nanaksar, Mohalla Baba Jiwan Singh Wali Gali Barnala ਨੂੰ ਉਨ੍ਹਾਂ ਦੇ ਪੱਤਰ ਮਿਤੀ 30.03.19 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਜਨਰਲ

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2019/ਵ-3/9894 ਮਿਤੀ: 14/5/19

ਉਪਰੋਕਤ ਦੀ ਨਕਲ ਸਮੇਤ ਸਹਿਲਗ ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਕਿ ਵਿਸੇ ਅੰਕਿਤ ਮਾਮਲੇ ਤੇ ਲੋੜੀਂਦੀ ਯੋਗ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ ਸਿੱਧੇ ਤੌਰ ਤੇ ਬਿਨੈਕਾਰ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਵੇ।

ਨੱਥੀ/ਉਕਤ ਅਨੁਸਾਰ

ਸੇਵਾ ਵਿਖੇ,

ਮਾਨਯੋਗ ਮੁੱਖ ਮੰਤਰੀ ਸਾਹਿਬ,
ਪੰਜਾਬ, ਚੰਡੀਗੜ੍ਹ।

ਵਿਸ਼ਾ : ਟਿਊਬਵੈੱਲ ਨੰਬਰ 06, ਨਾਨਕਸਰ ਮੁਹੱਲਾ, ਬਰਨਾਲਾ ਵਿਖੇ ਆਰ.ਓ. ਸਿਸਟਮ ਲਗਾਉਣ ਸਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀ ਸਮੂਹ ਮੁਹੱਲਾ ਨਿਵਾਸੀ ਨੇੜੇ ਟਿਊਬਵੈਲ ਨੰਬਰ 06, ਨਾਨਕਸਰ ਮੁਹੱਲਾ, ਬਰਨਾਲਾ ਦੇ ਰਹਿਣ ਵਾਲੇ ਹਾਂ। ਇਹ ਕਿ ਟਿਊਵੈਲ ਨੰਬਰ 06 ਤੋਂ ਲੱਖੀ ਕਲੋਨੀ, ਪ੍ਰੇਮ ਨਗਰ, ਨਾਨਕਸਰ ਮੁਹੱਲਾ, ਗਿੱਲ ਨਗਰ, ਰਾਹੀ ਬਸਤੀ ਆਦਿ ਨੂੰ ਪਾਣੀ ਦੀ ਸਪਲਾਈ ਜਾਂਦੀ ਹੈ ਪ੍ਰੰਤੂ ਟਿਊਬਵੈਲ ਨੰਬਰ 06 ਵਿਖੇ ਕੋਈ ਵੀ ਆਰ.ਓ. ਸਿਸਟਮ ਨਹੀ ਲੱਗਿਆ ਹੋਇਆ ਜਿਸ ਕਰਕੇ ਮੁਹੱਲਾ ਨਿਵਾਸੀਆਂ ਤੱਕ ਸਾਫ ਅਤੇ ਸ਼ੁੱਧ ਪਾਣੀ ਨਹੀ ਪਹੁੰਚ ਰਿਹਾ ਅਤੇ ਕਾਫੀ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ ਅਤੇ ਸਿਹਤ ਖਰਾਬ ਹੁੰਦੀ ਜਾ ਰਹੀ ਹੈ ਅਤੇ ਪਾਣੀ ਪ੍ਰਦੂਸ਼ਿਤ ਹੋਣ ਕਰਕੇ ਕਈ ਵਿਅਕਤੀਆਂ ਦੀ ਮੌਤ ਵੀ ਹੋ ਚੁੱਕੀ ਹੈ।

ਇਸ ਲਈ ਆਪ ਜੀ ਨੂੰ ਦਰਖਾਸਤ ਪੇਸ਼ ਕਰਕੇ ਬੇਨਤੀ ਹੈ ਕਿ ਟਿਊਬਵੈਲ ਨੰਬਰ 06 ਵਿਖੇ ਨਵਾ ਆਰ.ਓ. ਸਿਸਟਮ ਲਗਾਇਆ ਜਾਵੇ ਤਾ ਜੋ ਮੁਹੱਲਾ ਨਿਵਾਸੀਆਂ ਨੂੰ ਸਾਫ ਅਤੇ ਸ਼ੁੱਧ ਪਾਣੀ ਮੁਹੱਈਆ ਹੋ ਸਕੇ। ਅਸੀ ਆਪਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਧੰਨਵਾਦ ਸਹਿਤ।

ਆਪ ਜੀ ਦਾ ਸ਼ੁਭਚਿੰਤਕ,

ਸਮੂਹ ਮੁਹੱਲਾ ਨਿਵਾਸੀ,
ਨਾਨਕਸਰ ਮੁਹੱਲਾ, ਬਰਨਾਲਾ

ਮਿਤੀ : 30-03-2019
ਮੋਬ:- 6284566947-
6239012637

Kulwinder Singh

Pinky

Komal Kaur

Manpreet Kaur